**ਵਿਸ਼ਾ-ਪੰਜਾਬੀ** **ਇੱਕ ਹੋਰ ਨਵਾਂ ਸਾਲ - ਨਾਵਲ** **ਜਮਾਤ-ਨੌਂਵੀਂ/ਦਸਵੀਂ**

# ਵਾਰਤਾਲਾਪ ਦੀ ਪ੍ਰਸੰਗ-ਵਿਆਖਿਆ

## 1. ਸਵੇਰ ਭਾਗ

1. ''**ਭਲੀਏ ਲੋਕੇ, ਜਿਹੜੀ ਚਾਹ ਵੱਡੇ ਲੋਕ ਬਿਸਤਰਾ ਛੱਡਣ ਤੋਂ ਪਹਿਲਾਂ ਪੀਂਦੇ ਐ, ਉਹ ਹੁੰਦੀ ਐ, ਬੈਂਡ-ਟੀ। ਚੱਲ ਉੱਠ, ਪਿਆ ਦੇ ਅੱਜ ਸਾਨੂੰ ਵੀ ਬੈਂਡ-ਟੀ।"**

**ਪ੍ਰਸੰਗ** - ਇਹ ਵਾਰਤਾਲਾਪ ਨਰਿੰਜਨ ਤਸਨੀਮ ਦੇ ਲਿਖੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਸਵੇਰ ਭਾਗ ਵਿਚੋਂ ਲਿਆ ਗਿਆ ਹੈ। ਇਹ ਸ਼ਬਦ ਬੰਤੇ ਨੇ ਆਪਣੀ ਪਤਨੀ ਤਾਰੋ ਉਦੋਂ ਕਹੇ, ਜਦੋਂ ਉਹ ਬੈਂਡ-ਟੀ ਬਾਰੇ ਸੁਣ ਕੇ ਪੁੱਛਦੀ ਹੈ ਕਿ ਬੈਂਡ-ਟੀ ਕੀ ਹੁੰਦੀ ਹੈ।

**ਵਿਆਖਿਆ** - ਬੰਤੇ ਤਾਰੋ ਨੂੰ ਭਲੀਏ ਲੋਕ ਸ਼ਬਦਾਂ ਨਾਲ ਸੰਬੋਧਨ ਕਰਕੇ ਦੱਸਦਾ ਹੈ ਕਿ ਵੱਡੇ ਭਾਵ ਅਮੀਰ ਲੋਕ ਜਿਹੜੀ ਚਾਹ ਸਵੇਰੇ ਬਿਸਤਰਾ ਛੱਡਣ ਤੋਂ ਪਹਿਲਾਂ ਪੀਂਦੇ ਹਨ, ਉਹ ਬੈੱਡ-ਟੀ ਹੁੰਦੀ ਹੈ। ਨਵੇਂ ਸਾਲ ਦਾ ਪਹਿਲਾ ਦਿਨ ਹੋਣ ਕਰਕੇ ਬੰਤਾ ਵੀ ਅੱਜ ਤਾਰੋ ਤੋਂ ਬੈੱਡ-ਟੀ ਪੀਣ ਦੀ ਮੰਗ ਕਰਦਾ ਹੈ।

2. "**ਕਿੱਥੇ ਰਾਜਾ ਭੋਜ, ਕਿੱਥੇ ਗੰਗੂ ਤੇਲੀ ...... ਅਸੀਂ ਤਾਂ ਉਹਨਾਂ ਦੇ ਪਾਸਕੂ ਵੀ ਨਹੀਂ ਮਿੰਦਰ ਦੀ ਝਾਈ।"**

**ਪ੍ਰਸੰਗ** - ਇਹ ਵਾਰਤਾਲਾਪ ਨਰਿੰਜਨ ਤਸਨੀਮ ਦੇ ਲਿਖੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਸਵੇਰ ਭਾਗ ਵਿਚੋਂ ਲਿਆ ਗਿਆ ਹੈ। ਇਹ ਸ਼ਬਦ ਬੰਤੇ ਦੇ ਰਿਕਸ਼ੇ ਉੱਤੇ ਸਵਾਰ ਪਤੀ ਆਪਣੀ ਪਤਨੀ ਨੂੰ ਉਸ ਸਮੇਂ ਕਹਿੰਦਾ ਹੈ, ਜਦੋਂ ਉਹ ਆਪਣੇ ਦੇਸ਼ ਦੀ ਅਮੀਰੀ ਦਾ ਮੁਕਾਬਲਾ ਅਮਰੀਕਾ ਨਾਲ ਕਰਦੀ ਹੈ।

**ਵਿਆਖਿਆ** - ਪਤੀ ਆਪਣੀ ਪਤਨੀ ਨੂੰ ਆਪਣੇ ਪੁੱਤਰ ਮਿੰਦਰ ਦੀ ਮਾਂ ਸ਼ਬਦਾਂ ਨਾਲ ਸੰਬੋਧਨ ਕਰਕੇ ਕਹਿੰਦਾ ਹੈ ਕਿ ਜਿਵੇਂ ਗੰਗੂ ਤੇਲੀ ਦਾ ਰਾਜੇ ਭੋਜ ਦੀ ਅਮੀਰੀ ਨਾਲ ਕੋਈ ਮੁਕਾਬਲਾ ਨਹੀਂ, ਉਸ ਤਰ੍ਹਾਂ ਸਾਡੇ ਦੇਸ਼ ਦੀ ਅਮੀਰੀ ਦਾ ਅਮਰੀਕਾ ਨਾਲ ਕੋਈ ਮੁਕਾਬਲਾ ਨਹੀਂ ਕਰ ਸਕਦਾ। ਸਾਡਾ ਮੁਲਕ ਅਮਰੀਕਾ ਦੇ ਮਕਾਬਲੇ ਅਮੀਰੀ ਵਿੱਚ ਬਹੁਤ ਪਿੱਛੇ ਹੈ।

3. "**ਆਪਾਂ ਵੀ ਆਪਣੀਆਂ ਦੋਹਾਂ ਕਾਕੀਆਂ ਨੂੰ ਓਨਾ ਹੀ ਪੜ੍ਹਾਉਣੈ ਜਿੰਨਾ ਕਿ ਛੁੰਮਣ ਨੂੰ।"**

**ਪ੍ਰਸੰਗ** - ਇਹ ਵਾਰਤਾਲਾਪ ਨਰਿੰਜਨ ਤਸਨੀਮ ਦੇ ਲਿਖੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਸਵੇਰ ਭਾਗ ਵਿਚੋਂ ਲਿਆ ਗਿਆ ਹੈ। ਇਹ ਸ਼ਬਦ ਬੰਤੇ ਨੇ ਆਪਣੇ ਰਿਕਸ਼ੇ ਵਿੱਚ ਬੈਠੇ ਪਤੀ-ਪਤਨੀ ਦੀਆਂ ਬੱਚਿਆਂ ਬਾਰੇ ਗੱਲਾਂ ਸੁਣ ਕੇ ਆਪਣੇ ਆਪ ਨੂੰ ਸੋਚਾਂ ਵਿੱਚ ਹੀ ਕਹੇ।

**ਵਿਆਖਿਆ** - ਬੰਤਾ ਆਪਣੇ ਆਪ ਨਾਲ ਸੋਚ ਵਿਚਾਰ ਕਰਦਾ ਕਹਿੰਦਾ ਹੈ ਕਿ ਉਹ ਆਪਣੀਆਂ ਦੋਹਾਂ ਕੁੜੀਆਂ ਨੂੰ ਆਪਣੇ ਪੁੱਤਰ ਛੁੰਮਣ ਜਿੰਨਾ ਹੀ ਪੜ੍ਹਾਏਗਾ। ਭਾਵ ਬਹੁਤੇ ਲੋਕਾਂ ਵਾਂਗ ਆਪਣੀਆਂ ਕੁੜੀਆਂ ਨਾਲ ਪੜ੍ਹਾਈ ਵਿੱਚ ਕੋਈ ਵਿਤਕਰਾ ਨਹੀਂ ਕਰੇਗਾ।

4. "**ਕਿਵੇਂ ਨਾ ਲੱਭੂ ........... ਪੜ੍ਹਨ ਦੇ ਹਾਲੇ ਗੁੱਡੀ ਨੂੰ ਦਿਲ ਲਾ ਕੇ।"**

**ਪ੍ਰਸੰਗ** - ਇਹ ਵਾਰਤਾਲਾਪ ਨਰਿੰਜਨ ਤਸਨੀਮ ਦੇ ਲਿਖੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਸਵੇਰ ਭਾਗ ਵਿਚੋਂ ਲਿਆ ਗਿਆ ਹੈ। ਇਹ ਸ਼ਬਦ ਬੰਤੇ ਦੇ ਰਿਕਸ਼ੇ ਵਿਚ ਬੈਠਾ ਪਤੀ ਆਪਣੀ ਪਤਨੀ ਨੂੰ ਇਸ ਲਈ ਕਹਿੰਦਾ ਹੈ, ਕਿਉਂਕਿ ਉਸ ਦੀ ਪਤਨੀ ਆਪਣੀ ਧੀ ਸਵਰਨੀ ਲਈ ਆਏ ਪਿਪਲੀ ਨਿਵਾਸੀ ਕਾਲਜ ਪੜ੍ਹਦੇ ਮੁੰਡੇ ਦੇ ਰਿਸ਼ਤੇ ਨੂੰ ਰੋਕਣਾ ਚਾਹੁੰਦੀ ਹੈ।

**ਵਿਆਖਿਆ** - ਪਤੀ ਆਪਣੀ ਪਤਨੀ ਦੀ ਗੱਲ ਨੂੰ ਨਿਕਾਰਦਾ ਹੋਇਆ ਕਹਿੰਦਾ ਹੈ ਕਿ ਇਹ ਨਹੀਂ ਹੋ ਸਕਦਾ ਕਿ ਉਨ੍ਹਾਂ ਨੂੰ ਆਪਣੀ ਧੀ ਦੇ ਵਿਆਹ ਲਈ ਯੋਗ ਮੁੰਡਾ ਨਹੀਂ ਲੱਭੇਗਾ। ਉਹ ਆਪਣੀ ਧੀ ਨੂੰ ਪੜ੍ਹਾਈ ਪੂਰੀ ਕਰਨ ਲਈ ਸਮਾਂ ਦੇਣਾ ਚਾਹੁੰਦਾ ਹੈ।

5. "**ਇਨ੍ਹਾਂ ਛੂਛੜੀਆਂ ਨਾਲ਼ ਸਾਡਾ ਕੀ ਬਣਨਾ ਐ? ਪਿੰਡ ਚਲ ਕੇ ਪੀਆਂਗੇ ਬਾਟੇ ਵਿਚ।"**

**ਪ੍ਰਸੰਗ** - ਇਹ ਵਾਰਤਾਲਾਪ ਨਰਿੰਜਨ ਤਸਨੀਮ ਦੇ ਲਿਖੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਸਵੇਰ ਭਾਗ ਵਿਚੋਂ ਲਿਆ ਗਿਆ ਹੈ। ਇਹ ਸ਼ਬਦ ਬੰਤੇ ਦੇ ਰਿਕਸ਼ੇ ਵਿੱਚ ਬੈਠੇ ਦੋ ਸਵਾਰਾਂ ਵਿਚੋਂ ਮੱਖਣ ਨੇ ਆਪਣੇ ਸਾਥੀ ਨੂੰ ਉਦੋਂ ਕਹੇ, ਜਦੋਂ ਉਹ ਉਸ ਨੂੰ ਵੇਲਣੇ ਤੋਂ ਰਸ ਪੀਣ ਲਈ ਕਹਿੰਦਾ ਹੈ।

**ਵਿਆਖਿਆ** - ਮੱਖਣ ਨੇ ਕਿਹਾ ਇਹ ਨਿੱਕੇ ਜਿਹੇ ਭਾਂਡੇ ਵਿਚ ਥੋੜ੍ਹਾ ਜਿਹਾ ਰਸ ਪੀਣ ਨਾਲ ਉਨ੍ਹਾਂ ਨੂੰ ਕੋਈ ਜਿਆਦਾ ਸਵਾਦ ਨਹੀਂ ਆਉਣ ਵਾਲਾ, ਉਹ ਪਿੰਡ ਪਹੁੰਚ ਕੇ ਹੀ ਖੁੱਲ੍ਹੇ ਬਾਟੇ ਵਿਚ ਰਸ ਪੀਣਗੇ।

6. "**ਪਰ ਭੈਣ, ਵਿਆਹ ਤਾਂ ਹਾਲੀ ਸਾਲ ਦੋ ਸਾਲ ਠਹਿਰ ਕੇ ਈ ਕਰਨਾ ਏ, ਪੜ੍ਹਦੀ ਰਹਿਣ ਦੇ ਸੂ ਕਾਲਜੋਂ ਕਾਹਨੂੰ ਉਠਾਲਣਾ ਹੋਇਆ**?"

**ਪ੍ਰਸੰਗ** - ਇਹ ਵਾਰਤਾਲਾਪ ਨਰਿੰਜਨ ਤਸਨੀਮ ਦੇ ਲਿਖੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਸਵੇਰ ਭਾਗ ਵਿਚੋਂ ਲਿਆ ਗਿਆ ਹੈ। ਇਹ ਸ਼ਬਦ ਬੰਤੇ ਦੇ ਰਿਕਸ਼ੇ ਵਿਚ ਸਵਾਰੀ ਕਰ ਰਹੀਆਂ ਦੋ ਔਰਤਾਂ ਵਿਚੋਂ ਵਿਚੋਲਣ ਦੀ ਭੂਮਿਕਾ ਨਿਭਾ ਰਹੀ ਲਾਜੋ ਨੇ ਮੁੰਡੇ ਦੀ ਮਾਂ ਨੂੰ ਇਸ ਲਈ ਕਹੇ, ਕਿਉਂਕਿ ਉਹ ਕੁੜੀ ਨੂੰ ਹੋਰ ਪੜ੍ਹਾਉਣਾ ਨਹੀਂ ਚਾਹੁੰਦੀ।

**ਵਿਆਖਿਆ** - ਲਾਜੋ ਮੁੰਡੇ ਦੇ ਮਾਂ ਨੂੰ ਕਹਿੰਦੀ ਹੈ ਕਿ ਉਹਨਾਂ ਵਿਆਹ ਤਾਂ ਦੋ ਸਾਲ ਠਹਿਰ ਕੇ ਹੀ ਕਰਨਾ ਹੈ, ਇਸ ਲਈ ਉਹ ਕੁੜੀ ਨੂੰ ਕਾਲਜ ਵਿੱਚੋਂ ਪੜ੍ਹਨੋਂ ਹਟਾਉਣ ਲਈ ਕਿਉਂ ਕਹਿ ਰਹੀ ਹੈ। ਉਸ ਦੇ ਕਹਿਣ ਮਤਾਬਕ ਲੜਕੀ ਨੂੰ ਹੋਰ ਪੜ੍ਹ ਲੈਣ ਦੇਣਾ ਚਹੀਦਾ ਹੈ।

7. "**ਲਾਜੋ, ਜੇ ਇਹ ਕੁੜੀ ਪਸਿੰਦ ਆ ਗਈ ਤਾਂ ਮੈਂ ਮੁੰਦਰੀ ਪਾ ਦੇਣੀ ਏਂ, ਉਹਨੂੰ** ........**।"**

**ਪ੍ਰਸੰਗ** - ਇਹ ਵਾਰਤਾਲਾਪ ਨਰਿੰਜਨ ਤਸਨੀਮ ਦੇ ਲਿਖੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਸਵੇਰ ਭਾਗ ਵਿਚੋਂ ਲਿਆ ਗਿਆ ਹੈ। ਇਹ ਸ਼ਬਦ ਬੰਤੇ ਦੇ ਰਿਕਸ਼ੇ ਵਿਚ ਰਿਸ਼ਤੇ ਦੇ ਸੰਬੰਧ ਵਿਚ ਕੁੜੀ ਵੇਖਣ ਲਈ ਗੁਰੂ ਬਜ਼ਾਰ ਜਾ ਰਹੀਆਂ ਦੋ ਔਰਤਾਂ ਵਿਚੋਂ ਮੁੰਡੇ ਦੀ ਮਾਂ ਵਿਚੋਲਣ ਦੀ ਭੂਮਿਕਾ ਨਿਭਾ ਰਹੀ ਲਾਜੋ ਨੂੰ ਕਹਿੰਦੀ ਹੈ।

**ਵਿਆਖਿਆ -** ਆਪਣੇ ਮੁੰਡੇ ਲਈ ਕੁੜੀ ਦੇਖਣ ਜਾ ਰਹੀ ਮੁੰਡੇ ਦੀ ਮਾਂ ਵਿਚੋਲਣ ਲਾਜੋ ਨੂੰ ਕਹਿੰਦੀ ਹੈ ਕਿ ਜੇਕਰ ਉਸ ਨੂੰ ਇਹ ਕੁੜੀ ਪਸੰਦ ਆ ਗਈ, ਤਾਂ ਉਹ ਕੁੜੀ ਨੂੰ ਮੁੰਦਰੀ ਪਾ ਕੇ ਉਸ ਨੂੰ ਆਪਣੇ ਮੁੰਡੇ ਲਈ ਰੋਕ ਲਵੇਗੀ।

8. "**ਇਹ ਵੀ ਕੋਈ ਨਕਸ ਏ**? **ਅੱਬਲ ਤਾਂ ਕਿਸੇ ਨੂੰ ਪਤਾ ਈ ਨਹੀਂ ਲੱਗਣਾ, ਨਹੀਂ ਤੇ ਉਹਨੂੰ ਕਵ੍ਹਾਂਗੇ, ਪਈ ਧੁੱਪ ਵਾਲ਼ੀ ਐਨਕ ਲਾ ਕੇ ਜਾਵੇ** ........।"

**ਪ੍ਰਸੰਗ** - ਇਹ ਵਾਰਤਾਲਾਪ ਨਰਿੰਜਨ ਤਸਨੀਮ ਦੇ ਲਿਖੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਸਵੇਰ ਭਾਗ ਵਿਚੋਂ ਲਿਆ ਗਿਆ ਹੈ। ਇਹ ਸ਼ਬਦ ਬੰਤੇ ਦੇ ਰਿਕਸ਼ੇ ਵਿੱਚ ਬੈਠਕੇ ਰਿਸ਼ਤੇ ਲਈ ਕੁੜੀ ਵੇਖਣ ਜਾ ਰਹੀਆਂ ਔਰਤਾਂ ਵਿਚੋਂ ਵਿਚੋਲਣ ਲਾਜੋ ਨੇ ਮੁੰਡੇ ਦੀ ਮਾਂ ਨੂੰ ਉਸ ਸਮੇਂ ਕਹਿੰਦੀ ਹੈ, ਜਦੋਂ ਉਸ ਨੇ ਦੱਸਿਆ ਕਿ ਉਸ ਦੇ ਪੁੱਤਰ ਦੀ ਅੱਖ ਵਿਚ ਟੀਰ ਹੈ।

**ਵਿਆਖਿਆ** - ਵਿਚੋਲਣ ਲਾਜੋ ਰਿਸ਼ਤਾ ਸਿਰੇ ਚੜਾਉਣ ਲਈ ਮੁੰਡੇ ਦੀ ਮਾਂ ਨੂੰ ਕਹਿੰਦੀ ਹੈ ਕਿ ਅੱਖ ਵਿਚ ਟੀਰ ਹੋਣਾ ਕੋਈ ਵੱਡਾ ਨੁਕਸ ਨਹੀ। ਉਸ ਅਨੁਸਾਰ ਇਸ ਨੁਕਸ ਵੱਲ ਕੁੜੀ ਵਾਲਿਆਂ ਦਾ ਧਿਆਨ ਨਹੀਂ ਜਾਵੇਗਾ। ਇਸ ਨੁਕਸ ਨੂੰ ਛਪਾਉਣ ਲਈ ਉਹ ਮੁੰਡੇ ਦੀ ਮਾਂ ਨੂੰ ਮੁੰਡੇ ਦੇ ਧੁੱਪ ਵਾਲੀ ਐਨਕ ਲਾ ਕੇ ਕੁੜੀ ਵਾਲਿਆਂ ਦੇ ਸਾਹਮਣੇ ਲਿਆਉਣ ਲਈ ਕਹਿੰਦੀ ਹੈ।

9. "**ਪਰ ਪਤਾ ਨਹੀਂ ਕਈ ਬੰਦੇ ਗ਼ਰੀਬ ਦਾ ਹੱਕ ਕਿਉਂ ਮਾਰਦੇ ਐ**? **ਬਈ ਹੱਕ ਦੇ ਦਿਓ ਗ਼ਰੀਬ ਨੂੰ ਉਸ ਦਾ, ਫੇਰ ਕਾਹਦਾ ਰੇੜਕਾ**?"

**ਪ੍ਰਸੰਗ** - ਇਹ ਵਾਰਤਾਲਾਪ ਨਰਿੰਜਨ ਤਸਨੀਮ ਦੇ ਲਿਖੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਸਵੇਰ ਭਾਗ ਵਿਚੋਂ ਲਿਆ ਗਿਆ ਹੈ। ਜਦੋਂ ਬੰਤੇ ਦੇ ਰਿਕਸ਼ੇ ਵਿਚ ਬੈਠਕੇ ਸੀਤਲਾ ਮੰਦਰ ਜਾਣ ਵਾਲਾ ਭਲਵਾਨ ਬਿਨਾਂ ਪਹਿਲਾਂ ਪੈਸੇ ਮੁਕਾਏ ਅੱਠ ਆਨੇ ਵਾਜ਼ਬ ਕਰਾਇਆ ਦੇ ਦਿੰਦਾ ਹੈ, ਤਾਂ ਉਸ ਸਮੇਂ ਇਹ ਸ਼ਬਦ ਬੰਤਾ ਆਪਣੇ ਆਪ ਨੂੰ ਕਹਿੰਦਾ ਹੈ।

**ਵਿਆਖਿਆ -** ਜਦੋਂ ਭਲਵਾਨ ਬਿਨਾਂ ਮੰਗੇ ਬੰਤੇ ਨੂੰ ਵਾਜ਼ਬ ਕਰਾਇਆ ਦੇ ਦਿੰਦਾ, ਤਾਂ ਬੰਤਾ ਸੋਚਦਾ ਹੈ ਕਿ ਕਈ ਲੋਕ ਪਤਾ ਨਹੀਂ ਕਿਉਂ ਐਵੇਂ ਗਰੀਬ ਰਿਕਸ਼ੇ ਵਾਲੇ ਦਾ ਹੱਕ ਮਾਰ ਜਾਂਦੇ ਹਨ। ਜੇਕਰ ਸਾਰੇ ਲੋਕ ਭਲਵਾਨ ਦੀ ਤਰ੍ਹਾਂ ਹੀ ਰਿਕਸ਼ੇ ਵਾਲੇ ਦਾ ਹੱਕ ਦੇ ਦੇਣ ਫਿਰ ਸਾਰਾ ਲੜਾਈ ਝਗੜਾ ਹੀ ਮੁੱਕ ਜਾਵੇ।

10. "**ਹਣ ਜੇ ਕੁੱਝ ਨਾ ਕੁੱਝ ਲਿਆਉਂਦੀ ਆਂ ਤਾਂ ਵੀ ਤਾਂ ਗੁਜ਼ਾਰਾ ਨਹੀਂ ਹੁੰਦਾ, ਜੇ ਬਿਲਕੁਲ ਈ ਕੁੱਝ ਨਾ ਆਇਆ, ਤਾਂ ਡੰਗ ਕਿਵੇਂ ਲੰਘੇਗਾ?**"

**ਪ੍ਰਸੰਗ -** ਇਹ ਵਾਰਤਾਲਾਪ ਨਰਿੰਜਨ ਤਸਨੀਮ ਦੇ ਲਿਖੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਸਵੇਰ ਭਾਗ ਵਿਚੋਂ ਲਿਆ ਗਿਆ ਹੈ।

ਇਹ ਬੰਤੇ ਦੀਆਂ ਸੋਚਾਂ ਵਿੱਚ ਚੱਲ ਰਹੇ ਉਹ ਸ਼ਬਦ ਹਨ, ਜੋ ਉਸਨੂੰ ਤਾਰੋ ਉਸ ਸਮੇਂ ਕਹਿੰਦੀ ਹੈ, ਜਦੋਂ ਉਹ ਉਸਨੂੰ ਮਾਸਟਰ ਦੇ ਘਰ ਕੰਮ ਕਰਨ ਤੋਂ ਰੋਕਦਾ ਹੈ।

**ਵਿਆਖਿਆ -** ਬੰਤੇ ਦੇ ਸੋਚਣ ਅਨੁਸਾਰ ਤਾਰੋ ਉਸਨੂੰ ਕਹਿੰਦੀ ਹੈ ਕਿ ਉਹ ਮਾਸਟਰ ਦੇ ਘਰ ਕੰਮ ਕਰ ਕੇ ਥੋੜ੍ਹਾ ਬਹੁਤਾ ਕਮਾ ਕੇ ਲਿਆਉਂਦੀ ਹੈ, ਤਾਂ ਵੀ ਘਰ ਦਾ ਗੁਜ਼ਾਰਾ ਨਹੀਂ ਹੁੰਦਾ, ਜੇਕਰ ਉਸਨੇ ਬੰਤੇ ਦੀ ਗੱਲ ਮੰਨ ਕੇ ਕੰਮ 'ਤੇ ਜਾਣਾ ਛੱਡ ਦਿੱਤਾ, ਤਾਂ ਫਿਰ ਘਰ ਦਾ ਗੁਜ਼ਾਰਾ ਚੱਲਣਾ ਮੁਸ਼ਕਲ ਹੋ ਜਾਵੇਗਾ।

## 2. ਦੁਪਹਿਰ ਭਾਗ

**1. "ਤੈਨੂੰ ਲੋੜ ਪਊ ਸ਼ਾਮ ਨੂੰ, ਕਿਸੇ ਵੇਲ਼ੇ ਭਾਨ ਖੁਣੋਂ ਸਵਾਰੀ ਨਹੀਂ ਮਿਲਦੀ।"**

**ਪ੍ਰਸੰਗ** - ਇਹ ਵਾਰਤਾਲਾਪ ਨਰਿੰਜਨ ਤਸਨੀਮ ਦੇ ਲਿਖੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਦੁਪਹਿਰ ਭਾਗ ਵਿਚੋਂ ਲਿਆ ਗਿਆ ਹੈ। ਇਹ ਸ਼ਬਦ ਤਾਰੋ ਨੇ ਬੰਤੇ ਨੂੰ ਉਸ ਸਮੇਂ ਕਹੇ, ਜਦੋਂ ਉਹ ਦੁਪਹਿਰੇ ਘਰ ਅਰਾਮ ਕਰਨ ਲਈ ਆਉਂਦਾ ਹੈ ਅਤੇ ਆਪਣੇ ਬੋਝੇ ਵਿਚੋਂ ਪੈਸੇ ਕੱਢ ਕੇ ਤਾਰੋ ਨੂੰ ਦਿੰਦਾ ਹੈ।

**ਵਿਆਖਿਆ -** ਤਾਰੋ ਬੰਤੇ ਨੂੰ ਕਹਿੰਦੀ ਹੈ ਕਿ ਉਸ ਨੂੰ ਭਾਨ ਵਾਲੇ ਪੈਸੇ ਆਪਣੇ ਕੋਲ ਰੱਖਣੇ ਚਾਹੀਦੇ ਹਨ, ਕਿਉਂਕਿ ਸ਼ਾਮ ਦੇ ਸਮੇਂ ਉਸ ਨੂੰ ਭਾਨ ਦੀ ਲੋੜ ਪੈ ਸਕਦੀ ਹੈ। ਕਈ ਵਾਰੀ ਕੋਲ ਭਾਨ ਨਾ ਹੋਣ ਕਰਕੇ ਹੀ ਸਵਾਰੀ ਨਹੀਂ ਮਿਲਦੀ।

**2. "ਲੋਕ-ਰਾਜ ਦਾ ਮਤਲਬ, ਲੋਕਾਂ ਦਾ ਰਾਜ, ਜਿਸ ਤਰ੍ਹਾਂ ਕਿ ਸਾਡੇ ਮੁਲਕ ਵਿਚ ਐ। ਲੋਕ ਈ ਰਾਜ ਕਰਦੇ ਐ, ਰਾਜੇ-ਮਹਾਰਾਜੇ ਨਹੀਂ ਕਰਦੇ।"**

**ਪ੍ਰਸੰਗ** - ਇਹ ਵਾਰਤਾਲਾਪ ਨਰਿੰਜਨ ਤਸਨੀਮ ਦੇ ਲਿਖੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਦੁਪਹਿਰ ਭਾਗ ਵਿਚੋਂ ਲਿਆ ਗਿਆ ਹੈ। ਇਹ ਸ਼ਬਦ ਬੰਤੇ ਨੇ ਆਪਣੇ ਪੁੱਤਰ ਫੁੰਮਣ ਨੂੰ ਉਸ ਸਮੇਂ ਕਹੇ, ਜਦੋਂ ਪੜ੍ਹਾਉਂਦੇ ਸਮੇਂ ਫੁੰਮਣ 'ਲੋਕ-ਰਾਜ' ਦਾ ਅਰਥ ਪੁੱਛਦਾ ਹੈ।

**ਵਿਆਖਿਆ** - ਬੰਤਾ ਦੱਸਦਾ ਹੈ ਕਿ ਲੋਕ-ਰਾਜ ਦਾ ਮਤਲਬ ਹੈ, ਉਹ ਰਾਜ ਜੋ ਲੋਕਾਂ ਦੇ ਹੱਥ ਵਿਚ ਹੋਵੇ, ਭਾਵ ਲੋਕ ਵੋਟਾਂ ਨਾਲ ਸਰਕਾਰ ਚੁਣਦੇ ਹਨ। ਸਾਡੇ ਦੇਸ਼ ਭਾਰਤ ਵਿਚ ਅਜਿਹਾ ਹੀ ਰਾਜ ਹੈ ਕਿਉਂਕਿ ਇੱਥੇ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਦੀ ਸਰਕਾਰ ਹੈ, ਰਾਜਿਆਂ-ਮਹਾਰਾਜਿਆਂ ਦੀ ਨਹੀਂ।

**3. "ਸਾਰੀ ਪੈਂਤੀ ਲਿਖ ਲੈਂਦੀ ਏ, ਤੇ ਨਾਲ਼ੇ ਦੂਣੀ-ਤੀਣੀ ਦਾ ਭਾੜਾ ਵੀ ਯਾਦ ਕਰ ਲਿਆ ਸੂ।"**

**ਪ੍ਰਸੰਗ** - ਇਹ ਵਾਰਤਾਲਾਪ ਨਰਿੰਜਨ ਤਸਨੀਮ ਦੇ ਲਿਖੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਦੁਪਹਿਰ ਭਾਗ ਵਿਚੋਂ ਲਿਆ ਗਿਆ ਹੈ। ਇਹ ਸ਼ਬਦ ਬੰਤੇ ਦੀ ਮਾਮੀ ਨੇ ਬੰਤੇ ਨੂੰ ਉਦੋਂ ਕਹੇ, ਜਦੋਂ ਉਹ ਆਪਣੀ ਭਤੀਜੀ ਤਾਰੀ ਦੀ ਪੜ੍ਹਾਈ ਬਾਰੇ ਦੱਸਦੀ ਹੈ, ਜੋ ਮਗਰੋਂ ਬੰਤੇ ਦੀ ਪਤਨੀ ਬਣਦੀ ਹੈ।

**ਵਿਆਖਿਆ** - ਬੰਤੇ ਦੀ ਮਾਮੀ ਉਸ ਨੂੰ ਦੱਸਦੀ ਹੈ ਕਿ ਉਸ ਦੀ ਭਤੀਜੀ ਤਾਰੀ ਵੀ ਪੜ੍ਹਦੀ ਹੈ ਅਤੇ ਉਸ ਨੇ ਹੁਣ ਤੱਕ ਗੁਰਮੁਖੀ ਦੀ ਸਾਰੀ ਪੈਂਤੀ ਲਿਖਣੀ ਸਿੱਖ ਲਈ ਹੈ ਅਤੇ ਉਸਨੇ ਦੂਣੀ ਤੇ ਤੀਣੀ ਦਾ ਪਹਾੜਾ ਵੀ ਯਾਦ ਕਰ ਲਿਆ ਹੈ।

**4. "ਹੌਲੀ ਚਲਾ ਵੇ ਰਿਕਸ਼ਾ, ਬੰਤਿਆ......... ਤੈਨੂੰ ਦੀਂਹਦਾ ਨਹੀਂ, ਕੁੜੀ ਦੀ ਹਾਲਤ ਤਾਂ ਵੇਖ।"**

**ਪ੍ਰਸੰਗ** - ਇਹ ਵਾਰਤਾਲਾਪ ਨਰਿੰਜਨ ਤਸਨੀਮ ਦੇ ਲਿਖੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਦੁਪਹਿਰ ਭਾਗ ਵਿਚੋਂ ਲਿਆ ਗਿਆ ਹੈ। ਇਹ ਸ਼ਬਦ ਬੰਤੇ ਦੀ ਮਾਂ ਬੰਤੇ ਨੂੰ ਉਸ ਸਮੇਂ ਕਹਿੰਦੀ ਹੈ, ਜਦੋਂ ਉਹ ਆਪਣੀ ਮਾਂ ਅਤੇ ਪਤਨੀ ਨੂੰ ਗੁਰਦੁਆਰਾ 'ਛੇਹਰਟਾ ਸਾਹਿਬ' ਲੈ ਕੇ ਜਾ ਰਿਹਾ ਸੀ।

**ਵਿਆਖਿਆ -** ਬੰਤੇ ਦੀ ਮਾਂ ਕਹਿੰਦੀ ਹੈ ਕਿ ਉਸ ਨੇ ਬੰਤੇ ਨੂੰ ਬਹੁਤ ਵਾਰ ਰਿਕਸ਼ਾ ਹੌਲੀ ਚਲਾਉਣ ਲਈ ਕਿਹਾ ਹੈ, ਕਿਉਂਕਿ ਉਸਦੇ ਰਿਕਸ਼ਾ ਤੇਜ਼ ਚਲਾਉਣ ਕਰਕੇ ਰਿਕਸ਼ੇ ਵਿੱਚ ਬੈਠੀ ਤਾਰੋ ਕਾਫ਼ੀ ਘਬਰਾਈ ਹੋਈ ਹੈ।

**5. "ਨਾ ਕੋਈ ਚੰਗਾ ਲੀੜਾ ਐ ਮੇਰੇ ਕੋਲ, ਨਾ ਬੱਚਿਆਂ ਕੋਲ....ਫੇਰ ਕਰਾਇਆ ਲੱਗੂ ਆਣ-ਜਾਣ ਦਾ, ਉੱਥੇ ਵੀ ਲੋੜ ਪਊ, ਕੁੱਝ।"**

**ਪ੍ਰਸੰਗ** - ਇਹ ਸ਼ਬਦ ਨਰਿੰਜਨ ਤਸਨੀਮ ਦੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਦੁਪਹਿਰ ਭਾਗ ਵਿਚ ਤਾਰੋ ਨੇ ਬੰਤੇ ਨੂੰ ਉਸ ਸਮੇਂ

ਕਹੇ, ਜਦੋਂ ਉਸ ਦੇ ਭਰਾ ਦੇ ਘਰ ਜੱਸੀ ਦਾ ਵਿਆਹ ਰੱਖੇ ਜਾਣ ਦਾ ਉਸ ਨੂੰ ਕਾਰਡ ਮਿਲਿਆ ਸੀ। ਇਸ ਬਾਰੇ ਦੱਸਦਿਆਂ ਉਸ ਨੇ ਬੰਤੇ ਨੂੰ ਘਰ ਦੀ ਤੰਗੀ ਕਾਰਨ ਆਪਣਾ ਇਹ ਨਿਰਣਾ ਦੱਸਿਆ ਸੀ ਕਿ ਉਸ ਨੇ ਵਿਆਹ ਨਹੀਂ ਜਾਣਾ।

**ਵਿਆਖਿਆ** - ਤਾਰੋ ਨੇ ਕਿਹਾ ਕਿ ਉਸ ਕੋਲ ਤੇ ਬੱਚਿਆਂ ਕੋਲ ਵਿਆਹ ਉੱਤੇ ਜਾਣ ਲਈ ਕੋਈ ਚੰਗਾ ਲੀੜਾ ਨਹੀਂ ਹੈ। ਇਸ ਲਈ ਵੀ ਪੈਸੇ ਚਾਹੀਦੇ ਹਨ ਅਤੇ ਆਉਣ-ਜਾਣ ਦਾ ਕਿਰਾਇਆ ਵੀ ਲੱਗੇਗਾ ਤੇ ਉੱਥੇ ਵੀ ਕੁੱਝ ਦੇਣਾ ਪਵੇਗਾ। ਪਰ ਉਨ੍ਹਾਂ ਕੋਲ਼ ਪੈਸੇ ਦੀ ਤੰਗੀ ਹੋਣ ਕਰਕੇ ਉਹ ਵਿਆਹ ਉੱਤੇ ਨਹੀ ਜਾਣਾ ਚਾਹੁੰਦੀ।

6. "**ਕਦੋਂ ਲਿਆਏਂਗਾ ਭਰਜਾਈ ਨੂੰ, ਖ਼ਾਸਾ ਚਿਰ ਹੋ ਗਿਆ ਹੁਣ ਤਾਂ?**"

**ਪ੍ਰਸੰਗ** - ਇਹ ਸ਼ਬਦ ਨਰਿੰਜਨ ਤਸਨੀਮ ਦੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਦੁਪਹਿਰ ਭਾਗ ਵਿਚ ਬੰਤੇ ਨੇ ਦਿਆਲੇ ਨੂੰ ਉਦੋਂ ਕਹੇ, ਜਦੋਂ ਪਾਰੋ ਨਾਲ ਝਗੜੇ ਮਗਰੋਂ ਉਹ ਆਪਣੇ ਘਰੋਂ ਨਿਕਲ ਕੇ ਉਸ ਦੇ ਘਰ ਜਾਂਦਾ ਹੈ।

**ਵਿਆਖਿਆ** - ਬੰਤੇ ਨੂੰ ਪਤਾ ਸੀ ਕਿ ਘਰ ਦੀ ਤੰਗੀ ਤੇ ਦਿਆਲੇ ਦੀ ਮਾਰ-ਕੁੱਟ ਕਰਕੇ ਉਸ ਦੀ ਪਤਨੀ ਪੇਕੇ ਗਈ ਹੋਈ ਹੈ। ਉਹ ਉਸ ਨੂੰ ਪੁੱਛਦਾ ਹੈ ਕਿ ਹੁਣ ਤਾਂ ਉਸ ਦੀ ਪਤਨੀ ਨੂੰ ਪੇਕੇ ਗਿਆਂ ਬਹੁਤ ਚਿਰ ਹੋ ਗਿਆ ਹੈ, ਉਹ ਉਸ ਨੂੰ ਕਦੋਂ ਘਰ ਲੈ ਕੇ ਆਵੇਗਾ।

7. "**ਉਂਜ ਦਿਆਲਿਆ**, **ਜੇ ਸਾਡੀਆਂ ਯੂਨੀਅਨਾਂ ਇੱਕ ਹੋ ਜਾਣ ਤਾਂ ਰੋਗ ਨਾ ਲੱਥ ਜਾਏ ਗਲੋਂ**?"

**ਪ੍ਰਸੰਗ** - ਇਹ ਸ਼ਬਦ ਨਰਿੰਜਨ ਤਸਨੀਮ ਦੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਦੁਪਹਿਰ ਭਾਗ ਵਿਚ ਬੰਤੇ ਨੇ ਦਿਆਲੇ ਨੂੰ ਉਦੋਂ ਕਹੇ, ਜਦੋਂ ਉਹ ਆਪਣੇ ਘਰਾਂ ਦੀ ਤੰਗੀ ਦੂਰ ਕਰਨ ਲਈ ਆਪਣੇ ਰਿਕਸ਼ਿਆਂ ਦੇ ਕਿਰਾਏ ਵਧਾਉਣ ਦੀ ਗੱਲ ਕਰਦੇ ਹਨ।

**ਵਿਆਖਿਆ** - ਬੰਤਾ ਆਪਣੇ ਮਿੱਤਰ ਦਿਆਲੇ ਨੂੰ ਕਹਿੰਦਾ ਹੈ ਕਿ ਜੇਕਰ ਆਪਣੀਆਂ ਯੂਨੀਅਨਾਂ ਇਕ ਹੋ ਜਾਣ, ਤਾਂ ਸਭ ਰਿਕਸ਼ਿਆਂ ਦੇ ਕਿਰਾਏ ਇਕ ਹੋ ਜਾਣਗੇ ਤੇ ਸਭ ਵੱਲੋਂ ਆਪੋ ਆਪਣੀ ਮਰਜ਼ੀ ਨਾਲ ਕਿਰਾਏ ਲੈਣ ਦੀ ਬਿਮਾਰੀ ਖ਼ਤਮ ਹੋ ਜਾਵੇਗੀ।

8. "**ਕਿਸੇ ਚੱਜ ਦੀ ਥਾਂ ਬੈਠ ਕੇ ਬੰਦਾ ਸੁਣਾਏ ਹੀਰ**, **ਤੁਰੇ-ਤੁਰੇ ਜਾਂਦਿਆਂ ਤਾਂ ਹੇਕ ਨਹੀਂ ਨਿਕਲਦੀ ਚੰਗੀ ਤਰ੍ਹਾਂ।"**

**ਪ੍ਰਸੰਗ** - ਇਹ ਸ਼ਬਦ ਨਰਿੰਜਨ ਤਸਨੀਮ ਦੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਦੁਪਹਿਰ ਭਾਗ ਵਿਚ ਬੰਤੇ ਨੇ ਦਿਆਲੇ ਨੂੰ ਉਸ ਸਮੇਂ ਕਹੇ, ਜਦੋਂ ਦਿਆਲਾ ਬੰਤੇ ਨੂੰ ਰਿਕਸ਼ੇ ਵਿੱਚ ਬੈਠਾ ਕੇ ਉਸ ਦੇ ਘਰ ਛੱਡਣ ਲਈ ਜਾਂਦਾ ਹੋਇਆ ਗੁਣ-ਗਣਾਉਂਦਾ ਹੈ।

**ਵਿਆਖਿਆ** - ਬੰਤਾ ਕਹਿੰਦਾ ਹੈ ਕਿ 'ਹੀਰ' ਕਿਸੇ ਇੱਕ ਥਾਂ ਬੈਠ ਕੇ ਹੀ ਸੁਣਾਈ ਜਾਂਦੀ ਹੈ। ਤੁਰੇ ਜਾਂਦਿਆਂ ਬੰਦੇ ਦੇ ਗਲ ਵਿਚੋਂ ਸਹੀ ਹੇਕ ਨਹੀਂ ਨਿਕਲਦੀ। ਇਸ ਕਰਕੇ ਰਿਕਸ਼ਾ ਚਲਾਉਂਦਾ ਉਹ ਨਹੀਂ ਗਾ ਸਕਦਾ।

9. "**ਇਹਨਾਂ ਨੂੰ ਵੀ ਸੈਲ ਕਰਾ ਦੇ**, **ਇਹ ਕੋਈ ਮਤਰੇਈਆਂ ਤਾਂ ਨਹੀਂ।"**

**ਪ੍ਰਸੰਗ** - ਇਹ ਸ਼ਬਦ ਨਰਿੰਜਨ ਤਸਨੀਮ ਦੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਦੁਪਹਿਰ ਭਾਗ ਵਿਚ ਤਾਰੋ ਨੇ ਬੰਤੇ ਨੂੰ ਉਦੋਂ ਕਹੇ, ਜਦੋਂ ਉਹ ਦੁਪਹਿਰ ਪਿੱਛੋਂ ਘਰੋਂ ਰਿਕਸ਼ਾ ਲੈ ਕੇ ਜਾਣ ਸਮੇਂ ਫੰਮਣ ਨੂੰ ਰਿਕਸ਼ੇ ਵਿਚ ਬੈਠਾ ਕੇ ਉਸ ਨੂੰ ਸੈਰ ਕਰਾਉਣ ਬਾਰੇ ਕਹਿੰਦਾ ਹੈ।

**ਵਿਆਖਿਆ** - ਤਾਰੋ ਨੇ ਬੰਤੇ ਨੂੰ ਕਿਹਾ ਕਿ ਉਹ ਇਕੱਲੇ ਫੁੰਮਣ ਨੂੰ ਹੀ ਕਿਉਂ ਸੈਰ ਕਰਵਾਉਣ ਲਈ ਲਿਜਾ ਰਿਹਾ ਹੈ, ਉਹ ਕੁੜੀਆਂ ਨੂੰ ਵੀ ਨਾਲ ਲੈ ਜਾਵੇ, ਕਿਉਂਕਿ ਉਹ ਵੀ ਉਸਦੀਆਂ ਆਪਣੀਆਂ ਹੀ ਧੀਆਂ ਹਨ।

## 3. ਸ਼ਾਮ ਭਾਗ

1. "**ਰੋਣਾ ਤਾਂ ਇਹ ਹੈ ਕਿ ਫੇਰ ਵੀ ਪੂਰੀ ਨਹੀਂ ਪੈਂਦੀ। ਹੱਡ ਟੁੱਟ ਜਾਂਦੇ ਐ ਰਾਤ ਤੀਕ**, **ਪਰ ਢਿੱਡ ਭਰਨ ਜੋਗੇ ਪੈਸੇ ਨਹੀਂ ਬਣਦੇ।"**

**ਪ੍ਰਸੰਗ** - ਇਹ ਸ਼ਬਦ ਨਰਿੰਜਨ ਤਸਨੀਮ ਦੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਸ਼ਾਮ ਭਾਗ ਵਿਚ ਦਿਆਲਾ ਬੰਤੇ ਨੂੰ ਉਦੋਂ ਕਹਿੰਦਾ ਹੈ, ਜਦੋਂ ਉਹ ਬੰਤੇ ਨਾਲ ਆਪਣੇ ਗ਼ਰੀਬੀ ਨਾਲ ਭਰੇ ਜੀਵਨ ਦੀ ਗੱਲ ਕਰਦਾ ਹੈ ਤੇ ਬੰਤਾ ਉਸ ਨੂੰ ਕਹਿੰਦਾ ਹੈ ਕਿ ਮਿਹਨਤ ਕਰਨ ਨਾਲ ਹੀ ਉਨ੍ਹਾਂ ਨੂੰ ਖਾਣ ਨੂੰ ਮਿਲੇਗਾ।

**ਵਿਆਖਿਆ** - ਬੰਤੇ ਦੀ ਗੱਲ ਸੁਣ ਕੇ ਦਿਆਲਾ ਕਹਿੰਦਾ ਹੈ ਕਿ ਇਸ ਗੱਲ ਦਾ ਹੀ ਦੁੱਖ ਹੈ ਕਿ ਉਹ ਮਿਹਨਤ ਵੀ ਬਹੁਤ ਕਰਦੇ ਹਨ, ਦੇਰ ਰਾਤ ਤੱਕ ਰਿਕਸ਼ਾ ਚਲਾਉਂਦੇ ਹਨ, ਉਨ੍ਹਾਂ ਦੇ ਹੱਡ ਟੁੱਟ ਜਾਂਦੇ ਹਨ, ਪਰੰਤੂ ਫਿਰ ਵੀ ਉਹ ਆਪਣੇ ਟੱਬਰ ਦਾ ਢਿੱਡ ਭਰਨ ਜੋਗੇ ਪੈਸੇ ਕਮਾ ਨਹੀਂ ਪਾਉਂਦੇ। ਉਨ੍ਹਾਂ ਦੇ ਘਰਾਂ ਵਿਚ ਹਮੇਸ਼ਾ ਪੈਸੇ ਦੀ ਤੰਗੀ ਹੀ ਰਹਿੰਦੀ ਹੈ।

**2. "ਸਾਨੂੰ ਪਿੰਡਾਂ ਆਲਿਆਂ ਨੂੰ ਤਾਂ ਕੁੱਝ ਸਮਝਦੇ ਈ ਨਹੀਂ, ਇਕ ਤਾਂ ਮੁੱਛਦੈ ਐ ਸਾਡੇ ਅਰਗਿਆਂ ਨੂੰ, ਦੂਜਾ ਟਿੱਚਰਾਂ ਕਰਦੇ ਐ।"**

**ਪ੍ਰਸੰਗ** - ਇਹ ਸ਼ਬਦ ਨਰਿੰਜਨ ਤਸਨੀਮ ਦੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਸ਼ਾਮ ਭਾਗ ਵਿਚ ਅੱਖਾਂ ਦੇ ਹਸਪਤਾਲ ਵਿੱਚ ਆਪਣੀ ਪਤਨੀ ਦੀ ਦੇਖ-ਭਾਲ ਲਈ ਜਾਣ ਸਮੇਂ ਬੰਤੇ ਦੇ ਰਿਕਸ਼ੇ ਵਿਚ ਬੈਠੇ ਇਕ ਬਜ਼ੁਰਗ ਦੁਆਰਾ ਕਹੇ ਗਏ। ਉਹ ਕਹਿੰਦਾ ਹੈ ਕਿ ਹਸਪਤਾਲ ਦਾ ਡਾਕਟਰ ਵਧੀਆ ਹੈ, ਪਰ ਉੱਪਰਲੇ ਕੰਮ ਕਰਨ ਵਾਲੇ ਲੋਕ ਰਿਸ਼ਵਤਖੋਰ ਹਨ।

**ਵਿਆਖਿਆ** - ਬਜ਼ੁਰਗ ਨੇ ਕਿਹਾ ਕਿ ਹਸਪਤਾਲ ਵਿਚ ਉਪਰਲੇ ਕੰਮ ਕਰਨ ਵਾਲੇ ਉਨ੍ਹਾਂ ਨੂੰ ਕੁੱਝ ਸਮਝਦੇ ਹੀ ਨਹੀਂ। ਉਹ ਸਾਥੋਂ ਪੈਸੇ ਵੀ ਲੈਂਦੇ ਹਨ ਤੇ ਨਾਲੇ ਮਖੌਲ ਵੀ ਕਰਦੇ ਹਨ। ਉਹ ਤਾਂ ਸਿਰਫ਼ ਅਮੀਰ ਲੋਕਾਂ ਦੀ ਹੀ ਪਰਵਾਹ ਕਰਦੇ ਹਨ।

**3. "ਖੇਡਿਆ-ਮੱਲ੍ਹਿਆ ਕਰ ਨਾ ਬੱਚਿਆਂ ਨਾਲ, ਤੂੰ ਤਾਂ ਉਹਨਾਂ ਨੂੰ ਬੁਲਾਂਦੀ ਈ ਨਹੀਂ।"**

**ਪ੍ਰਸੰਗ** - ਇਹ ਸ਼ਬਦ ਨਰਿੰਜਨ ਤਸਨੀਮ ਦੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਸ਼ਾਮ ਭਾਗ ਵਿਚ ਕੁਸਮ ਦੇ ਵੱਡੀ ਉਮਰ ਦੇ ਬਾਪ ਨੇ ਆਪਣੀ ਛੋਟੀ ਉਮਰ ਦੀ ਪਤਨੀ ਨੂੰ ਉਸ ਸਮੇਂ ਕਹੇ, ਜਦੋਂ ਉਹ ਕਹਿੰਦੀ ਹੈ ਕਿ ਉਸ ਨੂੰ ਚੰਗੇ ਕੱਪੜੇ ਪਹਿਣਨੇ ਵਧੀਆ ਨਹੀਂ ਲੱਗਦੇ ਤੇ ਉਸ ਨੂੰ ਭੁੱਖ ਵੀ ਨਹੀਂ ਲਗਦੀ।

**ਵਿਆਖਿਆ** - ਵੱਡੀ ਉਮਰ ਦਾ ਪਤੀ ਆਪਣੀ ਜੁਆਨ ਪਤਨੀ ਨੂੰ ਕਹਿੰਦਾ ਹੈ ਕਿ ਉਹ ਉਸ ਦੇ ਬੱਚਿਆਂ ਨਾਲ ਹੱਸ-ਖੇਡ ਕੇ ਖ਼ੁਸ਼ ਰਿਹਾ ਕਰੇ, ਪਰ ਉਹ ਦੇਖਦਾ ਹੈ ਕਿ ਉਹ ਤਾਂ ਉਨ੍ਹਾਂ ਨੂੰ ਬੁਲਾਉਂਦੀ ਵੀ ਨਹੀਂ।

**4. "ਪਹਿਲੇ ਭੇਜਤਾ ਥਾ, ਅਬ ਬਰਫ਼ ਪੜ ਗਿਆ ਹੈ, ਸਭ ਰਸਤੇ ਬੰਦ। ਗਰਮੀਓਂ ਮੇਂ ਜਾਏਗਾ ਆਪਣੇ ਘਰ, ਪੈਸਾ ਲੇ ਕਰ।"**

**ਪ੍ਰਸੰਗ** - ਇਹ ਸ਼ਬਦ ਨਰਿੰਜਨ ਤਸਨੀਮ ਦੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਸ਼ਾਮ ਭਾਗ ਵਿਚ ਇੱਕ ਕਸ਼ਮੀਰੀ ਆਦਮੀ ਨੇ ਬੰਤੇ ਨੂੰ ਉਦੋਂ ਕਹੇ, ਜਦੋਂ ਉਹ ਉਸ ਕੋਲ ਬਲਦੇ ਮੁੱਢ ਕੋਲ ਅੱਗ ਸੇਕਣ ਲਈ ਬੈਠਾ ਉਸ ਨਾਲ ਗੱਲਾਂ ਕਰਦਿਆਂ ਪੁੱਛਦਾ ਹੈ ਕਿ ਕੀ ਉਹ ਅੱਜ-ਕੱਲ੍ਹ ਆਪਣੇ ਘਰ ਪੈਸੇ ਭੇਜਦਾ ਹੈ।

**ਵਿਆਖਿਆ** - ਕਸ਼ਮੀਰੀ ਆਦਮੀ ਬੰਤੇ ਨੂੰ ਦੱਸਦਾ ਹੈ ਕਿ ਉਹ ਅੱਜ-ਕੱਲ੍ਹ ਘਰ ਪੈਸੇ ਨਹੀਂ ਭੇਜਦਾ, ਕਿਉਂਕਿ ਉਧਰ ਬਰਫ਼ ਪੈ ਗਈ ਹੈ ਅਤੇ ਰਸਤੇ ਬੰਦ ਹੋ ਗਏ ਹਨ। ਉਹ ਜਦੋਂ ਗਰਮੀਆਂ ਵਿਚ ਘਰ ਜਾਵੇਗਾ, ਉਦੋਂ ਹੀ ਘਰ ਪੈਸੇ ਲੈ ਕੇ ਜਾਵੇਗਾ।

**5. "ਸਾਡੇ ਕੋਲ਼ ਵਿਹਲ ਕਿੱਥੇ ਬਾਤਾਂ ਸੁਣਨ ਦੀ, ਛੋਟੇ ਹੁੰਦਿਆਂ ਸੁਣਦੇ ਸੀ, ਬੇਬੇ ਕੋਲ਼ੋਂ।"**

**ਪ੍ਰਸੰਗ** - ਇਹ ਸ਼ਬਦ ਨਰਿੰਜਨ ਤਸਨੀਮ ਦੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਸ਼ਾਮ ਭਾਗ ਵਿਚ ਬੰਤੇ ਨੇ ਉਸ ਸਮੇਂ ਕਹੇ, ਜਦੋਂ ਇਕ ਬੰਦਾ ਬੰਤੇ ਦੇ ਰਿਕਸ਼ੇ ਵਿਚ ਬੈਠ ਕੇ ਉਸ ਨੂੰ ਪੁੱਛਦਾ ਹੈ ਕਿ ਉਹ ਕਹਾਣੀ ਸੁਣੇਗਾ, ਤਾਂ ਬੰਤੇ ਨੇ ਉਸ ਨੂੰ ਇਹ ਸ਼ਬਦ ਕਹੇ ਸਨ।

**ਵਿਆਖਿਆ** - ਬੰਤੇ ਨੇ ਕਿਹਾ ਕਿ ਉਸ ਕੋਲ ਬਾਤਾਂ ਸੁਣਨ ਲਈ ਵਿਹਲਾ ਸਮਾਂ ਨਹੀਂ ਹੈ। ਉਹ ਇਹ ਵੀ ਦੱਸਦਾ ਹੈ ਕਿ ਉਹ ਕਦੇ ਛੋਟਾ ਹੁੰਦਾ ਆਪਣੀ ਬੇਬੇ ਕੋਲੋਂ ਬਾਤਾਂ ਸੁਣਦਾ ਹੁੰਦਾ ਸੀ।

**6. "ਜਾਏਂਗੇ ਤੋ ਸਹੀ, ਪਰ ਅਭੀ ਨਹੀਂ, ਬਹੁਤ ਦੇਰ ਬਾਅਦ, ਸਾਹਿਬ ਦੀ ਗਾੜੀ ਛੋੜ ਆਏਗੀ ਉਨ੍ਹੇਂ।"**

**ਪ੍ਰਸੰਗ** - ਇਹ ਸ਼ਬਦ ਨਰਿੰਜਨ ਤਸਨੀਮ ਦੇ ਨਾਵਲ 'ਇਕ ਹੋਰ ਨਵਾਂ ਸਾਲ' ਦੇ ਸ਼ਾਮ ਭਾਗ ਵਿਚ ਵਰਦੀ ਵਾਲੇ ਆਦਮੀ ਨੇ ਬੰਤੇ ਨੂੰ ਉਸ ਸਮੇਂ ਕਹੇ, ਜਦੋਂ ਸੁਸ਼ਮਾ ਤੇ ਉਸ ਦੇ ਪਤੀ ਨੂੰ ਛਾਉਣੀ ਵਿਖੇ ਅਫ਼ਸਰ ਦੀ ਕੋਠੀ ਛੱਡਣ ਮਗਰੋਂ ਬਾਹਰ ਖੜ੍ਹੇ ਉਸ ਵਰਦੀ ਵਾਲੇ ਤੋਂ ਪੁੱਛਦਾ ਹੈ ਕਿ ਉਹ ਜਿਨ੍ਹਾਂ ਨੂੰ ਲਿਆਇਆ ਹੈ, ਉਹ ਵਾਪਸ ਕਦੋਂ ਜਾਣਗੇ।

**ਵਿਆਖਿਆ** - ਵਰਦੀ ਵਾਲਾ ਆਦਮੀ ਬੰਤੇ ਨੂੰ ਕਹਿੰਦਾ ਹੈ ਕਿ ਉਹ ਵਾਪਸ ਤਾਂ ਜਾਣਗੇ, ਪਰ ਜਲਦੀ ਨਹੀਂ ਬਹੁਤ ਦੇਰ ਬਾਅਦ ਜਾਣਗੇ। ਉਹ ਉਨ੍ਹਾਂ ਦੀ ਉਡੀਕ ਨਾ ਕਰੇ ਕਿਉਂਕਿ ਉਨ੍ਹਾਂ ਨੂੰ ਸਾਹਿਬ ਦੀ ਗੱਡੀ ਘਰ ਛੱਡ ਆਵੇਗੀ।

**7. "ਲੋਕਾਂ ਕੋਲ਼ ਕਾਰਾਂ ਤਾਂ ਭਾਵੇਂ ਨਾ ਹੋਣ ਐਨੀਆਂ, ਪਰ ਇਹ ਰਿਕਸ਼ਾ ਤਾਂ ਮੁੱਕ ਜਾਏ ਇੱਕ ਵਾਰੀ। 'ਕੱਲਾ ਬੰਦਾ ਜਦੋਂ ਦੋ ਜਣਿਆਂ ਨੂੰ ਖਿੱਚਦਾ ਤਾਂ ਜਾਨ ਬਾਹਰ ਆਉਣ ਨੂੰ ਕਰਦੀ ਐ।"**

**ਪ੍ਰਸੰਗ** - ਇਹ ਸ਼ਬਦ ਨਰਿੰਜਨ ਤਸਨੀਮ ਦੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਸ਼ਾਮ ਭਾਗ ਵਿਚ ਦਿਨ ਭਰ ਰਿਕਸ਼ਾ ਚਲਾ ਕੇ ਰਾਤ ਨੂੰ ਘਰ ਆਏ ਬੰਤੇ ਨੇ ਆਪਣੀ ਪਤਨੀ ਤਾਰੋ ਨੂੰ ਕਹੇ।

**ਵਿਆਖਿਆ** - ਬੰਤਾ ਕਹਿੰਦਾ ਹੈ ਕਿ ਉਹ ਇਹ ਚਾਹੁੰਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਲੋਕਾਂ ਕੋਲ ਕਾਰਾਂ ਬੇਸ਼ੱਕ ਨਾ ਹੋਣ, ਪਰ ਰਿਕਸ਼ੇ ਦਾ ਕੰਮ ਬੰਦ ਹੋ ਜਾਣਾ ਚਾਹੀਦਾ ਹੈ। ਜਦੋਂ ਇਕ ਬੰਦਾ ਦੋ ਸਵਾਰੀਆਂ ਨੂੰ ਖਿੱਚਦਾ ਹੈ, ਤਾਂ ਜ਼ੋਰ ਲੱਗਣ ਨਾਲ ਉਸ ਦੀ ਜਾਨ ਬਾਹਰ ਆਉਣ ਨੂੰ ਕਰਦੀ ਹੈ।

**8. "ਦੇ ਦਊਂ ਮੈਂ ਪੰਝੀ ਰੁਪਏ, ਲੈਕ ਬਣਾਉਣਾ ਐ ਮੈਂ ਆਪਣੇ ਪੁੱਤਰ ਨੂੰ, ਰੋਜ਼ ਦਾ ਇੱਕ ਰੁਪਇਆ ਦੇ ਆਇਆ ਕਰੂੰ ਸ਼ਾਮ ਨੂੰ, ਹੋਰ ਦੱਸ।"**

**ਪ੍ਰਸੰਗ** - ਇਹ ਸ਼ਬਦ ਨਰਿੰਜਨ ਤਸਨੀਮ ਦੇ ਨਾਵਲ 'ਇੱਕ ਹੋਰ ਨਵਾਂ ਸਾਲ' ਵਿਚ ਬੰਤੇ ਨੇ ਤਾਰੋ ਨੂੰ ਉਸ ਸਮੇਂ ਕਹੇ, ਜਦੋਂ ਬੰਤਾ ਚਾਹੁੰਦਾ ਹੈ ਕਿ ਮਾਸਟਰਨੀ ਫੰਮਣ ਨੂੰ ਵੀ ਟਿਊਸ਼ਨ ਪੜ੍ਹਾ ਦਿਆ ਕਰੇ ਤੇ ਤਾਰੋ ਅੱਗੋਂ ਦੱਸਦੀ ਹੈ ਕਿ ਉਹ ਪੰਝੀ ਰੁਪਏ ਲੈਂਦੀ ਹੈ।

**ਵਿਆਖਿਆ** - ਬੰਤਾ ਆਪਣੀ ਪਤਨੀ ਤਾਰੋ ਨੂੰ ਕਹਿੰਦਾ ਹੈ ਕਿ ਉਹ ਆਪਣੇ ਪੁੱਤਰ ਨੂੰ ਪੜ੍ਹਾ-ਲਿਖਾ ਕੇ ਲਾਇਕ ਬਣਾਉਣਾ ਚਾਹੁੰਦਾ ਹੈ। ਇਸ ਲਈ ਉਹ ਟਿਊਸ਼ਨ ਦੇ ਪੰਝੀ ਰੁਪਏ ਮਹੀਨਾ ਵੀ ਦੇ ਦਿਆ ਕਰੇਗਾ। ਉਹ ਹਰ ਰੋਜ਼ ਇਕ ਰੁਪਇਆ ਸ਼ਾਮ ਨੂੰ ਉਸ ਦੇ ਘਰ ਜਾ ਕੇ ਦੇ ਆਇਆ ਕਰੇਗਾ।

**ਗੁਰਦੀਪ ਸਿੰਘ ਬਰਾੜ ਪੰਜਾਬੀ ਮਾਸਟਰ ਸਸਸਸ ਕੋਟਲੀ ਅਬਲੂ, ਸ੍ਰੀ ਮੁਕਤਸਰ ਸਾਹਿਬ ਮੋ ਨੰ. 9193700037**